**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ.ਨਗਰ**

## ਜਨਤਕ ਨੋਟਿਸ

1.0 ਇਸ਼ਤਿਹਾਰ ਨੰਬਰ 10/2023 ਜੂਨੀਅਰ ਇੰਜੀਨੀਅਰ (ਸਿਵਲ) ਦੀਆਂ ਅਸਾਮੀਆਂ ਦੀ ਭਰਤੀ ਲਈ ਜਨਤਕ ਨੋਟਿਸ ਮਿਤੀ 05.12.2024 ਰਾਹੀਂ ਜਨਰਲ (ਇਸਤਰੀ) ਸ਼੍ਰੇਣੀ ਦੇ ਉਮੀਦਵਾਰਾਂ ਨੂੰ ਮਿਤੀ 09.12.2024 ਨੂੰ ਕਾਊਸਲਿੰਗ ਲਈ ਬੁਲਾਇਆ ਗਿਆ ਸੀ, ਹੁਣ ਕੇਵਲ ਇਨ੍ਹਾਂ ਉਮੀਦਵਾਰਾਂ ਤੋਂ ਹੀ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਆਨਲਾਈਨ ਮੋਡ ਰਾਹੀਂ ਬੋਰਡ ਦੀ ਵੈੱਬਸਾਈਟ (https://sssb.punjab.gov.in/) ਤੇ ਮਿਤੀ 24/12/2024 ਤੋਂ 25/12/2024 ਤੱਕ ਮੰਗੀਆਂ ਜਾਂਦੀਆਂ ਹਨ। ਪ੍ਰੈਫਰੈਂਸ (ਤਰਜੀਹ) ਸਬਮਿਟ ਕਰਨ ਦਾ ਲਿੰਕ ਬੋਰਡ ਦੀ ਵੈੱਬਸਾਈਟ (https://sssb.punjab.gov.in/) ਤੇ ਮਿਤੀ 24/12/2024 ਤੋਂ ਉਪਲਬੱਧ ਹੋਵੇਗਾ।

2.0 ਵੈੱਬਸਾਈਟ ਤੇ ਪ੍ਰੈਫਰੈਂਸ (ਤਰਜੀਹ) ਆਨਲਾਈਨ ਦਰਜ ਕਰਨ ਲਈ Username ਉਮੀਦਵਾਰ ਦਾ Application No ਹੋਵੇਗਾ ਅਤੇ Password ਉਮੀਦਵਾਰ ਦੀ Registered Email ID ਤੇ ਭੇਜਿਆ ਜਾਵੇਗਾ।

3.0 ਜਿਹੜੇ ਯੋਗ ਉਮੀਦਵਾਰ ਵਿਭਾਗਾਂ ਦੀ ਆਨਲਾਈਨ ਪ੍ਰੈਫਰੈਂਸ (ਤਰਜੀਹ) ਨਹੀਂ ਭਰਨਗੇ, ਉਨ੍ਹਾਂ ਦੀ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਦੀ ਤਰਤੀਬ ਉਹ ਮੰਨੀ ਜਾਵੇਗੀ ਜਿਹੜੀ ਤਰਤੀਬ ਵਿੱਚ ਅਸਾਮੀਆਂ ਦਾ ਵਰਗੀਕਰਨ ਵਿਭਾਗ ਵਾਈਜ਼ ਸ਼ੁੱਧੀ ਪੱਤਰ ਮਿਤੀ 25/10/2023 (ਬੋਰਡ ਦੀ ਵੈੱਬਸਾਈਟ https://sssb.punjab.gov.in/ ਤੇ ਉਪਲੱਬਧ) ਵਿੱਚ ਦਰਜ ਹੈ।

4.0 ਜਿਹੜੇ ਯੋਗ ਉਮੀਦਵਾਰ ਸਾਰੇ ਵਿਭਾਗਾਂ ਵਿੱਚੋਂ ਕੇਵਲ ਕੁਝ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਆਨਲਾਈਨ ਦਰਜ ਕਰਨਗੇ, ਉਨ੍ਹਾਂ ਉਮੀਦਵਾਰਾਂ ਦੀ ਰਹਿੰਦੇ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) automatically ਉਸੀ ਤਰਤੀਬ ਵਿੱਚ ਦਰਜ ਕੀਤੀ ਜਾਵੇਗੀ ਜਿਹੜੀ ਤਰਤੀਬ ਵਿੱਚ ਅਸਾਮੀਆਂ ਦਾ ਵਰਗੀਕਰਨ ਵਿਭਾਗ ਵਾਈਜ਼ ਸ਼ੁੱਧੀ ਪੱਤਰ ਮਿਤੀ 25/10/2023 (ਬੋਰਡ ਦੀ ਵੈੱਬਸਾਈਟ https://sssb.punjab.gov.in/ ਤੇ ਉਪਲੱਬਧ) ਵਿੱਚ ਦਰਜ ਹੈ।

5.0 **ਉਮੀਦਵਾਰ ਮਿਤੀ 25/12/2024 ਤੱਕ ਅਪਣੀਆਂ ਪ੍ਰੈਫਰੈਂਸ (ਤਰਜੀਹ) ਵਿੱਚ ਤਬਦੀਲੀ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਦਰਜ ਕੀਤੀ ਗਈ ਪ੍ਰੈਫਰੈਂਸ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਪ੍ਰਤੀਬੇਨਤੀ ਸਵੀਕਾਰ ਕੀਤੀ ਜਾਵੇਗੀ।**

6.0 ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਦੇਣ ਲਈ ਕੇਵਲ ਉਨ੍ਹਾਂ ਉਮੀਦਵਾਰਾਂ (ਜਨਰਲ ਇਸਤਰੀ ਸ਼੍ਰੇਣੀ) ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਨ੍ਹਾਂ ਨੂੰ ਮਿਤੀ 09.12.2024 ਨੂੰ ਕਾਉਂਸਲਿੰਗ ਲਈ ਬੁਲਾਇਆ ਗਿਆ ਹੈ।

7.0 **ਵਿਭਾਗਾਂ ਦੀ ਅਲਾਟਮੈਂਟ ਬੋਰਡ ਵੱਲੋਂ ਲਏ ਗਏ ਲਿਖਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਮੈਰਿਟ ਅਤੇ ਉਮੀਦਵਾਰ ਵੱਲੋਂ ਦਿੱਤੀ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਅਨੁਸਾਰ ਕੀਤੀ ਜਾਵੇਗੀ।** ਕੇਵਲ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਭਰਨ ਨਾਲ ਉਮੀਦਵਾਰ ਦਾ ਜੂਨੀਅਰ ਇੰਜੀਨੀਅਰ (ਸਿਵਲ) ਦੀ ਅਸਾਮੀ ਤੇ ਅਧਿਕਾਰ ਨਹੀਂ ਬਣ ਜਾਂਦਾ ਹੈ।

8.0 ਉਮੀਦਵਾਰ ਦੀ ਮੈਰਿਟ ਅਤੇ ਵਿਭਾਗਾਂ ਦੀ ਪ੍ਰੈਫਰੈਂਸ (ਤਰਜੀਹ) ਅਨੁਸਾਰ ਉਸ ਨੂੰ ਮਿਲੀ ਅਸਾਮੀ ਤੋਂ ਬਾਅਦ ਬਾਕੀ ਰਹਿੰਦੀਆਂ ਅਸਾਮੀਆਂ ਤੇ ਕੋਈ ਕਲੇਮ ਨਹੀਂ ਹੋਵੇਗਾ।

ਸਹੀ/-

ਸਕੱਤਰ

ਮਿਤੀ :23.12.2024

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ